# Joint Press Release of the 10th Round of China-India Corps Commander Level Meeting

February 21, 2021

---

# ਚੀਨ- ਭਾਰਤ ਕੋਰ ਕਮਾਂਡਰ ਪੱਧਰੀ ਬੈਠਕ ਦੇ 10ਵੇਂ ਗੇੜ ਬਾਰੇ ਸਾਂਝਾ ਪ੍ਰੈਸ ਬਿਆਨ ਜਾਰੀ

21 ਫਰਵਰੀ, 2021

ਚੀਨ- ਭਾਰਤ ਕੋਰ ਕਮਾਂਡਰ ਪੱਧਰੀ ਬੈਠਕ ਦਾ 10ਵਾਂ ਗੇੜ 20 ਫਰਵਰੀ ਨੂੰ ਮੋਲਡੋ / ਚੁਸ਼ੂਲ ਸਰਹੱਦੀ ਬੈਠਕ ਬਿੰਦੂ ਦੇ ਚੀਨੀ ਪਾਸੇ ਵੱਲ ਹੋਇਆ। ਦੋਵਾਂ ਧਿਰਾਂ ਨੇ ਪੈਨਗੋਂਗ ਝੀਲ ਖੇਤਰ ਵਿੱਚ ਅਗੇਤੇ ਮੋਰਚੇ 'ਤੇ ਫੌਜਾਂ ਦੇ ਡਿਸਇੰਗੇਜਮੈਂਟ ਦੇ ਨਿਰਵਿਘਨ ਮੁਕੰਮਲ ਹੋਣ ਨੂੰ ਸਕਾਰਾਤਮਕ ਤੌਰ 'ਤੇ ਵੇਖਿਆ ਅਤੇ ਕਿਹਾ ਕਿ ਇਸ ਮਹੱਤਵਪੂਰਨ ਕਦਮ ਨਾਲ ਪੱਛਮੀ ਖੇਤਰ ਵਿੱਚ ਅਸਲ ਕੰਟਰੋਲ ਰੇਖਾ 'ਤੇ ਬਾਕੀ ਰਹਿੰਦੇ ਮਸਲਿਆਂ ਦੇ ਹੱਲ ਲਈ ਚੰਗਾ ਅਧਾਰ ਮਿਲੇਗਾ। ਉਨ੍ਹਾਂ ਨੇ ਪੱਛਮੀ ਖੇਤਰ ਵਿੱਚ ਅਸਲ ਕੰਟਰੋਲ ਰੇਖਾ 'ਤੇ ਹੋਰ ਮੁੱਦਿਆਂ ਬਾਰੇ ਖੁੱਲੇ ਤੌਰ 'ਤੇ ਅਤੇ ਡੂੰਘਾਈ ਨਾਲ ਵਿਚਾਰ ਵਟਾਂਦਰੇ ਕੀਤੇ। ਦੋਵੇਂ ਧਿਰਾਂ ਨੇ ਆਪਣੇ ਦੇਸ਼ ਦੇ ਆਗੂਆਂ ਦਰਮਿਆਨ ਹੋਈਆਂ ਮਹੱਤਵਪੂਰਨ ਸਹਿਮਤੀਆਂ ਦੀ ਪਾਲਣਾ ਕਰਨ, ਆਪਣੇ ਸੰਵਾਦ ਅਤੇ ਗੱਲਬਾਤ ਨੂੰ ਜਾਰੀ ਰੱਖਣ, ਜ਼ਮੀਨੀ ਹਾਲਾਤ ਨੂੰ ਸਥਿਰ ਕਰਨ ਅਤੇ ਕੰਟਰੋਲ ਕਰਨ, ਬਾਕੀ ਮੁੱਦਿਆਂ ਬਾਰੇ ਆਪਸੀ ਤੌਰ 'ਤੇ ਪਰਵਾਨਤ ਹੱਲ ਨੂੰ ਸਥਿਰ ਅਤੇ ਵਿਵਸਥਤ ਢੰਗ ਨਾਲ ਅੱਗੇ ਵਧਾਉਣ ਉੱਤੇ ਸਹਿਮਤੀ ਪ੍ਰਗਟਾਈ, ਤਾਂ ਜੋ ਸਰਹੱਦੀ ਖੇਤਰਾਂ ਅੰਦਰ ਸਾਂਝੇ ਤੌਰ 'ਤੇ ਅਮਨ ਅਤੇ ਸ਼ਾਂਤੀ ਬਣਾਈ ਰੱਖੀ ਜਾ ਸਕੇ।

ਨਵੀਂ ਦਿੱਲੀ

21 ਫਰਵਰੀ, 2021

DISCLAIMER: This is an approximate translation. The original is available in English on MEA's website and may be referred to as the official press release.